Coll/2y/2999 14/11/21

FC/21/1101 16/11/2021 5853 15/11/21 18/11/21

ਡਾਇਰੈਕਟੋਰੇਟ
ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ
ਐਸ.ਸੀ.ਓ. ਨੰ: 7, ਫੇਸ-1, ਐਸ. ਏ. ਐਸ. ਨਗਰ

ਸੇਵਾ ਵਿਖੇ

1. ਡਾਇਰੈਕਟਰ,
ਡੀ.ਪੀ.ਆਈ. ਕਾਲਜਾਂ,
ਪੰਜਾਬ, ਐਸ.ਏ.ਐਸ.ਨਗਰ

2. ਡਾਇਰੈਕਟਰ,
ਮੈਡੀਕਲ ਅਤੇ ਖੋਜ ਸਿੱਖਿਆ,
ਪੰਜਾਬ, ਐਸ.ਏ.ਐਸ.ਨਗਰ।

3. ਡਾਇਰੈਕਟਰ,
ਤਕਨੀਕੀ ਸਿੱਖਿਆ (ਇੰਜ. ਵਿੰਗ),
ਪੰਜਾਬ, ਚੰਡੀਗੜ੍ਹ।

4. ਡਾਇਰੈਕਟਰ
ਪਸ਼ੂ ਪਾਲਣ ਵਿਭਾਗ,
ਪੰਜਾਬ, ਚੰਡੀਗੜ੍ਹ।

5. ਵਾਈਸ ਚਾਂਸਲਰ,
ਸਮੂਹ ਯੂਨੀਵਰਸਿਟੀ,
ਪੰਜਾਬ ਰਾਜ।

ਮੀਮੋ ਨੰਬਰ: 136-140
ਮਿਤੀ, ਐਸ.ਏ.ਐਸ.ਨਗਰ। 03/11/21

DRG is convener of the said committee for input please

As discussed, R10 to DR (colleges), please. 12/11/2021

Discussed AR Fee checking

Co-ordinator SC/ST for urgent

ਵਿਸ਼ਾ: ਵਿਦਿਅਕ ਸੈਸ਼ਨ 2021-22 ਦੌਰਾਨ ਘੱਟ ਗਿਣਤੀ ਵਰਗ (six notified minority Communities, viz. Muslim, Christian, Sikh, Buddhist, Jain, Parsi (Zoroastrian) ਦੇ ਯੋਗ ਵਿਦਿਆਰਥੀਆਂ (ਪ੍ਰੋਫੈਸ਼ਨਲ ਅਤੇ ਤਕਨੀਕੀ ਕੋਰਸ ਕਰਦੇ) ਨੂੰ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਆਨਲਾਈਨ ਅਪਲਾਈ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਧੀਨ ਆਉਂਦੀਆਂ ਵਿਦਿਅਕ ਸੰਸਥਾਵਾਂ ਵਿਚ ਪੜ੍ਹਦੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੂੰ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਅਧੀਨ National Scholarship Portal ਤੇ ਦਰਜ ਕਰਵਾਇਆ ਜਾਵੇ ਤਾਂ ਜੋ Minority Communities ਨਾਲ ਸਬੰਧਤ ਵਿਦਿਆਰਥੀ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ, ਇਸ ਸਕੀਮ ਦਾ ਲਾਭ ਪ੍ਰਾਪਤ ਕਰ ਸਕਣ। ਪੋਰਟਲ ਤੇ ਪ੍ਰਾਪਤ ਅੰਕੜਿਆਂ ਅਨੁਸਾਰ ਬਹੁਤ ਘੱਟ ਵਿਦਿਆਰਥੀਆਂ ਵੱਲੋਂ ਮੈਰਿਟ ਕਮ ਮੀਨਜ਼ ਸਕੀਮ ਫਾਰ ਮਨਿਓਰਟੀ ਅਧੀਨ ਅਪਲਾਈ ਕੀਤਾ ਗਿਆ ਹੈ, ਇਸ ਲਈ ਵਿਸ਼ੇਸ਼ ਧਿਆਨ ਦਿੰਦੇ ਹੋਏ ਇਸ ਸਕੀਮ ਅਧੀਨ ਕਵਰ ਹੁੰਦੇ ਹੋਏ ਯੋਗ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਲਈ ਉਪਰਾਲੇ ਕੀਤੇ ਜਾਣ ਦੀ ਜਰੂਰਤ ਹੈ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਵਿਦਿਆਰਥੀ ਜੋ ਕਿ ਮੈਰਿਟ ਕਮ ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਫਾਰ ਮਨਿਓਰਟੀ ਅਧੀਨ ਕਵਰ ਹੁੰਦੇ ਹਨ ਪਰੰਤੂ ਉਨਾਂ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਮਨਿਓਰਟੀ ਵਿੱਚ ਅਪਲਾਈ ਕਰ ਦਿੱਤਾ ਜਾਂਦਾ ਹੈ ਜਿਸ ਨਾਲ ਉਹਨਾਂ ਨੂੰ ਸਕਾਲਰਸ਼ਿਪ ਦੀ ਰਾਸ਼ੀ ਘੱਟ ਮਿਲਦੀ ਹੈ ਜਦੋਂ ਕਿ ਮੈਰਿਟ ਕਮ ਮੀਨਸ ਬੇਸਡ ਸਕਾਲਰਸ਼ਿਪ ਦੀ ਰਾਸ਼ੀ ਵੱਧ ਮਿਲਦੀ ਹੈ। ਇਸ ਲਈ ਮੈਰਿਟ ਕਮ ਮੀਨਜ਼ ਸਕੀਮ ਦੀ ਗਾਇਡਲਾਇਨਜ਼ ਤੇ ਕੋਰਸਾਂ ਦੀ ਲਿਸਟ ਆਪ ਨੂੰ ਭੇਜੀ ਜਾ ਰਹੀ ਹੈ ਤਾਂ ਕਿ ਵਿਦਿਆਰਥੀ ਆਪਣੇ ਕੋਰਸ ਅਨੁਸਾਰ ਸਹੀ ਸਕੀਮ ਵਿੱਚ ਅਪਲਾਈ ਕਰ ਸਕਣ।

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਜਾਣੂ ਕਰਵਾਇਆ ਜਾਂਦਾ ਹੈ ਕਿ ਪੰਜਾਬ ਰਾਜ ਦੀਆਂ ਤਿੰਨ ਵਿਦਿਅਕ ਸੰਸਥਾਵਾਂ 1) Dr. B.R. Ambedkar National Institute of Technology , Jalandhar, 2) Sant Longowal Institute of Engineering and Technology (SLIET) Longowal, Sangrur, 3) Indian Institute of Technology, Rupnagar listed ਸੰਸਥਾਵਾਂ ਦੀ ਸੂਚੀ ਵਿੱਚ ਸ਼ਾਮਿਲ ਹਨ। ਮਨਿਸਟਰੀ ਦੀਆਂ ਹਦਾਇਤਾਂ ਅਨੁਸਾਰ ਕੇਵਲ ਇਹਨਾਂ ਤਿੰਨ ਸੰਸਥਾਵਾਂ ਦੇ ਵਿਦਿਆਰਥੀਆਂ ਦੀ ਪੂਰੀ ਫੀਸ reimbursed ਹੋਵੇਗੀ। ਇਸ ਲਈ ਇਹਨਾਂ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਸਾਰੇ ਡਾਕੂਮੈਂਟ ਧਿਆਨ ਪੂਰਵਕ ਅਪਲੋਡ ਕਰਨੇ ਅਤਿ ਜ਼ਰੂਰੀ ਹਨ। ਗੈਰ ਲਿਸਟਿਡ ਸੰਸਥਾਵਾਂ (ਜੋ ਕਿ ਲਿਸਟਿਡ ਸੰਸਥਾਵਾਂ ਨਹੀਂ ਹਨ) ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ 30,000/- ਰੁਪਏ ਦੀ ਸਕਾਲਰਸ਼ਿਪ ਮਿਲੇਗੀ, ਇਸ ਕਰਕੇ ਘੱਟ ਗਿਣਤੀ ਮੰਤਰਾਲੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ (FAQ, Flag B, para 3) ਗੈਰ ਲਿਸਟਿਡ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਕੋਈ ਵੀ ਡਾਕੂਮੈਂਟ ਅਪਲੋਡ ਕਰਨ ਦੀ ਜਰੂਰਤ ਨਹੀਂ ਹੈ। ਪਰ ਸੰਸਥਾਵਾਂ ਲਈ ਇਹ ਅਤਿ ਜਰੂਰੀ ਹੈ ਕਿ ਉਹ ਸਬੰਧਤ ਵਿਦਿਆਰਥੀਆਂ ਦੇ ਸਾਰੇ ਲੋੜੀਂਦੇ ਡਾਕੂਮੈਂਟ ਆਪਣੇ ਪੱਧਰ ਤੇ ਪੂਰੀ ਤਰ੍ਹਾਂ ਘੋਖਣ ਤੋਂ ਬਾਅਦ ਹੀ ਐਪਲੀਕੇਸ਼ਨ ਵੈਰੀਫਾਈ ਕਰਕੇ ਅੱਗੇ ਫਾਰਵਰਡ ਕਰਨ, ਅਗਰ ਕੋਈ ਵੀ ਗਲਤ ਦਰਖਾਸਤ ਜਾਂ ਸਕਾਲਰਸ਼ਿਪ ਸਕੀਮ ਅਧੀਨ ਕਵਰ ਨਾ ਹੁੰਦਾ ਵਿਦਿਆਰਥੀ ਆਨਲਾਇਨ ਪੋਰਟਲ ਤੇ ਫਾਰਵਰਡ ਕੀਤਾ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਇਸਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਘੱਟ ਗਿਣਤੀ ਵਰਗਾਂ ਨਾਲ ਸਬੰਧਤ ਪ੍ਰੋਫੈਸ਼ਨਲ ਅਤੇ ਤਕਨੀਕੀ ਕੋਰਸ ਕਰਦੇ ਯੋਗ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਦੇ ਅਧੀਨ ਆਉਂਦੀਆਂ ਸਮੂਹ ਵਿਦਿਅਕ ਸੰਸਥਾਵਾਂ ਨੂੰ ਮੈਰਿਟ-ਕਮ-ਮੀਨਸ ਬੇਸਡ ਸਕੀਮ ਤਹਿਤ ਆਨ-ਲਾਈਨ ਦਰਖਾਸਤਾਂ ਮਿਤੀ 30-11-2021 ਤੱਕ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਦਰਜ ਕਰਵਾਕੇ ਮਿਤੀ 15-12-2021 ਤੱਕ ਵੈਰੀਫਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

... ਇਸ ਤੋਂ ਇਲਾਵਾ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਉਕਤ ਸਕੀਮ ਤਹਿਤ ਹਰ ਵਿਦਿਆਰਥੀ ਵੱਲੋਂ ਅਪਲਾਈ ਕਰਨ ਵੇਲੇ ਅਧਾਰ ਬੇਸਡ ਜਾਣਕਾਰੀ ਹੀ ਭਰੀ ਜਾਵੇ।

ਨੱਥੀ:

1. ਸਕੀਮ ਦੀ ਗਾਇਡਲਾਇਨਜ ਤੇ ਦੇਰਾਵਾਂ ਦੀ ਲਿਸਟ ( Flag –A)
2. ਸਕੀਮ ਨਾਲ ਸਬੰਧਤ FAQ (Flag-B) ਨੱਥੀ।

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਪਿਠ ਅੰਕਣ ਨੰਬਰ: 141-142 ਮਿਤੀ: ਐਸ.ਏ.ਐਸ.ਨਗਰ। 03/11/21

ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਜੀ:-

1. ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ ਜੀ।
2. ਨਿੱਜੀ ਸਕੱਤਰ, ਪ੍ਰਮੁੱਖ ਸਮਾਜਿਕ ਸਕੱਤਰ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਦੀ ਸੂਚਨਾ ਹਿੱਤ।

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

Scanned by CamScanner